ਨੰ:1/8/2007-ਰਸ1/1295

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ-ਕੋਰਟ,
ਸਮੂਹ ਜ਼ਿਲ੍ਹਾ ਤੇ ਸੈਸ਼ਨ ਜੱਜ,
ਸਮੂਹ ਉਪ ਮੰਡਲ ਅਫਸਰ (ਸਿਵਲ) ਅਤੇ
ਤਹਿਸੀਲਦਾਰ।

ਮਿਤੀ, ਚੰਡੀਗੜ੍ਹ: 2/11/10

ਵਿਸ਼ਾ:- ਅਨੁਸੂਚਿਤ-ਜਾਤੀਆਂ/ਪਛੜੀਆਂ-ਸ਼੍ਰੇਣੀਆਂ ਦੇ ਸਰਟੀਫਿਕੇਟ ਬਨਾਉਣ ਬਾਰੇ।

***

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ:1/41/96-ਰਸ1/992-1005, ਮਿਤੀ 18-8-2004 ਅਤੇ ਬਾਅਦ ਵਿੱਚ ਜਾਰੀ ਕੀਤੀਆਂ ਹਦਾਇਤਾਂ ਦੇ ਪੱਤਰ ਨੰ:1/8/2007-ਰਸ1/815, ਮਿਤੀ 10-7-2008 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਕਿ ਇਸ ਸਮੇਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਸੁਵਿਧਾ ਸੈਂਟਰ ਖੁੱਲੇ ਹੋਏ ਹਨ। ਇਨ੍ਹਾਂ ਸੁਵਿਧਾ ਸੈਂਟਰਾਂ ਵਿੱਚ ਤਹਿਸੀਲਦਾਰ/ਨਾਇਬ ਤਹਿਸੀਲਦਾਰ ਹਰ ਰੋਜ਼ ਬੈਠਦੇ ਹਨ। ਤਹਿਸੀਲਦਾਰ/ਨਾਇਬ ਤਹਿਸੀਲਦਾਰ ਕੋਲ ਕਾਰਜਕਾਰੀ ਮੈਜਿਸਟਰੇਟ ਦੇ ਅਖਤਿਆਰ ਹੁੰਦੇ ਹਨ। ਹੁਣ ਕਿਉਂਕਿ ਜਾਤੀ ਸਰਟੀਫਿਕੇਟ ਬਨਾਉਣ ਦਾ ਕੰਮ ਸੁਵਿਧਾ ਸੈਂਟਰਾਂ ਰਾਹੀਂ ਹੋ ਰਿਹਾ ਹੈ, ਪਰ ਸਰਟੀਫਿਕੇਟ ਤਿਆਰ ਕਰਕੇ ਹਸਤਾਖਰਾਂ ਲਈ ਤਹਿਸੀਲਦਾਰ ਦੇ ਦਫਤਰ ਨੂੰ ਭੇਜੇ ਜਾਂਦੇ ਹਨ, ਜਿਸ ਨਾਲ ਪਬਲਿਕ ਦਾ ਕਾਫੀ ਸਮਾਂ ਬਰਬਾਦ ਹੁੰਦਾ ਹੈ।

2. ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਸਰਕਾਰ ਨੇ ਫੈਸਲਾ ਲਿਆ ਹੈ ਕਿ ਸੁਵਿਧਾ ਸੈਂਟਰਾਂ ਵਿੱਚ ਬੈਠਣ ਵਾਲੇ ਤਹਿਸੀਲਦਾਰ/ਨਾਇਬ ਤਹਿਸੀਲਦਾਰ, ਜਿਨ੍ਹਾਂ ਪਾਸ

ਚਲਦਾ ਪੰਨਾ.....(2)......

ਕਾਰਜਕਾਰੀ ਮੈਜਿਸਟਰੇਟ ਦੇ ਅਖਤਿਆਰ ਹੋਣ, ਨੂੰ ਅਨੁਸੂਚਿਤ-ਜਾਤੀਆਂ ਅਤੇ ਪਛੜੀਆਂ-ਸ਼੍ਰੇਣੀਆਂ ਦੇ ਜਾਤੀ ਸਰਟੀਫਿਕੇਟ ਜਾਰੀ ਕਰਨ ਦੇ ਅਧਿਕਾਰ ਦਿੱਤੇ ਜਾਂਦੇ ਹਨ।

ਵਿਸ਼ਵਾਸਪਾਤਰ,

(ਐਮ.ਪੀ. ਅਰੋੜਾ)
ਵਧੀਕ ਸਕੱਤਰ ਭਲਾਈ

ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਭਲਾਈ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ।

ਅੰ:ਵਿ:ਪ:ਨੰ:1/8/2007-ਰਸ1/ 1296 ਮਿਤੀ,ਚੰਡੀਗੜ੍ਹ: 2/11/10
ਪਿਸ਼ਠਅੰਕਣ ਨੰ:1/8/2007-ਰਸ1/ 1297-99 ਮਿਤੀ,ਚੰਡੀਗੜ੍ਹ: 2/11/10

ਇੱਕ ਉਤਾਰਾ ਨਿਮਨ-ਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ,ਅਨੁਸੂਚਿਤ-ਜਾਤੀਆਂ ਤੇ ਪਛੜੀਆਂ-ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ,ਐਸ.ਸੀ.ਓ.ਨੰ:128-129,ਸੈਕਟਰ-34ਏ,ਚੰਡੀਗੜ੍ਹ।

2) ਮੈਂਬਰ ਸਕੱਤਰ,ਪੰਜਾਬ ਰਾਜ ਅਨੁਸੂਚਿਤ-ਜਾਤੀਆਂ ਕਮਿਸ਼ਨ, ਕਮਰਾ ਨੰ:8,ਚੌਥੀ ਮੰਜ਼ਿਲ(ਪੰਜਾਬ ਸਿਵਲ ਸਕੱਤਰੇਤ),ਚੰਡੀਗੜ੍ਹ।

3) ਮੈਂਬਰ ਸਕੱਤਰ,ਪੰਜਾਬ ਰਾਜ ਪਛੜੀਆਂ-ਸ਼੍ਰੇਣੀਆਂ ਕਮਿਸ਼ਨ, ਕਮਰਾ ਨੰ:38,ਚੌਥੀ ਮੰਜ਼ਿਲ(ਪੰਜਾਬ ਸਿਵਲ ਸਕੱਤਰੇਤ),ਚੰਡੀਗੜ੍ਹ।

ਵਧੀਕ ਸਕੱਤਰ ਭਲਾਈ